ਨਰਮੇ-ਕਪਾਹ ਦੀ ਫ਼ਸਲ ਲਈ ਸਿਫਾਰਿਸ਼ ਨੰ: 6/2016

# ਆਈ. ਸੀ. ਏ. ਆਰ – ਭਾਰਤੀ ਖੇਤੀਬਾੜੀ ਖੋਜ ਸੰਸਥਾ

## ਨਰਮੇ-ਕਪਾਹ ਦੀ ਫ਼ਸਲ ਲਈ ˙(4–10 ਜੁਲਾਈ 2016) ਹਫਤੇ ਲਈ ਸਿਫਾਰਿਸ਼ਾਂ

| | Rainfall Received | | | | Rainfall forecast | | | | |
|---|---|---|---|---|---|---|---|---|---|
| STATE | 2 | 3 | 4 | 5 | 6 | 7 | 8 | 9 | 10 |
| IMD | | | | | | | | | |
| ਪੰਜਾਬ | | | | | | | | | |
| ਬਠਿੰਡਾ | 0 | 25 | 0 | 0 | 0 | 31 | 5 | 0 | 4 |
| ਫਿਰੋਜ਼ਪੁਰ | 0 | 1 | 0 | 0 | 0 | 31 | 5 | 0 | 4 |
| ਮੁਕਤਸਰ | 0 | 56 | 0 | 0 | 0 | 16 | 3 | 0 | 3 |
| ਮਾਨਸਾ | 0 | 9 | 0 | 0 | 0 | 0 | 0 | 3 | 3 |
| | | | | | | | | | |
| ਸਰਸਾ | 0 | 37 | 3 | 0 | 0 | 3 | 0 | 6 | 6 |
| ਹਿਸਾਰ | 8 | 48 | 5 | 0 | 0 | 3 | 0 | 6 | 6 |
| ਫਤਿਆਬਾਦ | 7 | 24 | 1 | 0 | 0 | 3 | 0 | 3 | 0 |
| | | | | | | | | | |
| ਹਨੁਮਾਨਗੜ੍ਹ | 8 | 20 | 13 | 0 | 2 | 3 | 4 | 4 | 5 |
| ਸ੍ਰੀ ਗੰਗਾਨਗਰ | 0 | 3 | 1 | 0 | 2 | 3 | 4 | 4 | 5 |
| ਬਾਂਸਵਾੜਾ | 0 | 2 | 74 | 12 | 3 | 2 | 2 | 3 | 4 |

## ਸਲਾਹ

1) ਪੰਜਾਬ ਪ੍ਰਾਂਤ ਵਿੱਚ ਨਰਮੇ__ਕਪਾਹ ਦੀ ਫ਼ਸਲ ਆਪਣੀ ਮੁੱਢਲੀ ਅਵਸਥਾ ਵਿੱਚ ਹੈ।
2) ਜਿਲ੍ਹਾਂ ਬਠਿੰਡਾ ਵਿੱਚ ਸਰਵੇਖਣ ਕੀਤੀ ਸਾਰੇ ਪਿੰਡਾਂ ਵਿੱਚ ਚਿੱਟੀ ਮੱਖੀ ਆਪਣੀ ਆਰਥਿਕ ਨੁਕਸਾਨੀ ਕਗਾਰ ਤੋ ਥੱਲੇ ਪਾਈ ਗਈ ਹੈ।
3) ਪਿੰਡ ਜੱਸੀ ਪੋ ਵਾਲੀ ਅਤੇ ਤਲਵੰਡੀ ਦੇ ਕੁੱਝ ਹਿੱਸਿਆ ਵਿੱਚ ਤੇਲੇ ਦਾ ਹਮਲਾ ਨੁਕਸਾਨੀ ਆਰਥਿਕ ਕਗਾਰ ਤੱਕ ਪਹੁੰਚ ਗਿਆ ਹੈ।
4) ਫਰੀਦਕੋਟ ਜ਼ਿਲੇ ਦੇ ਪਿੰਡਾਂ ਜਿਵੇ ਕਿ ਬਹਿਲੇਵਾਲ, ਕੋਠੇ ਚੰਦ ਸਿੰਘ , ਕੋਠੋ ਨਰਾਇਣਗੜ੍ਹ, ਖੇਰਾ ਅਤੇ ਸੇਢਾਂ ਸਿੰਘ ਵਾਲਾ ਵਿੱਚ ਤੇਲਾ ਨੁਕਸਾਨੀ ਆਰਥਿਕ ਕਗਾਰ ਤੇ ਪਾਇਆ ਗਿਆ ਹੈ।
5) ਚਿੱਟੀ ਮੱਖੀ ਵੱਖ ਵੱਖ ਪਿੰਡਾਂ ਜਿਵੇ ਕਿ ਬਹਿਲੇਵਾਲ, ਰੋਮਾਣਾ, ਅਲਬੇਲ ਸਿੰਘ, ਕੋਠੇ ਚੰਦ ਸਿੰਘ, ਸਰਾਂਵਾਂ ਅਤੇ ਲੰਮਬਾਲੀ ਵਿੱਚ ਨੁਕਸਾਨੀ ਆਰਥਿਕ ਕਗਾਰ ਤੱਕ ਪਾਈ ਗਈ ਹੈ।
6) ਚਿੱਟੀ ਮੱਖੀ ਦੀ ਗਿਣਤੀ ਜਿਵੇ ਕਿ ਪਿੰਡ ਅਜੀਤ ਗਿੱਲ ਅਤੇ ਬਰਗਾੜੀ ਵਿੱਚ ਨੁਕਸਾਨੀ ਆਰਥਿਕ ਕਗਾਰ ਤੋ ਘੱਟ ਹੈ।
7) ਮੁਕਤਸਰ ਜਿਲ੍ਹੇ ਵਿੱਚ ਪਿੰਡ ਉਦੇਕਰਣ ਅਤੇ ਭੂਰਾਗੁਜਰ ਵਿੱਚ ਚਿੱਟੀ ਅਤੇ ਤੇਲਾ, ਉਦੇਕਰਣ ਵਿੱਚ ਨੁਕਸਾਨੀ ਆਰਥਿਕ ਕਗਾਰ ਤੱਕ ਪਹੁੰਚ ਗਿਆ ਹੈ।
8) ਹਰਿਆਣਾ ਪ੍ਰਾਂਤ ਦੇ ਲਗਭਗ ਸਾਰੇ ਇਲਾਕਿਆਂ ਵਿੱਚ ਨਰਮੇ ਦੀ ਫ਼ਸਲ ਮੁੱਢਲੀ ਅਵਸਥਾ ਵਿੱਚ ਹੈ।
9) ਨਰਮੇ__ਕਪਾਹ ਦੀ ਅਗੇਤੀ ਬਿਜਾਈ ਵਾਲੇ ਖੇਤਾਂ ਦੀ ਗੋਡਾਈ ਕਰਨ ਸਲਾਹ ਦਿੱਤੀ ਜਾਂਦੀ ਹੈ।
10) ਹਿਸਾਰ, ਬਿਵਾਨੀ, ਜਿੰਦ, ਫਤਿਹਗੜ੍ਹ ਅਤੇ ਸਿਰਸਾ ਦੇ ਜ਼ਿਲਿਆਂ ਵਿੱਚ ਸਾਰੇ ਸਰਵੇਖਣ ਕੀਤੇ ਨਰਮਾ ਕਪਾਹ ਦੇ ਖੇਤਾਂ ਵਿੱਚ ਚਿੱਟੀ ਮੱਖੀ ਦੀ ਗਿਣਤੀ ਨੂਕਸਾਨੀ ਆਰਥਿਕ ਕਰਾਰ ਤੋ ਹੇਠਾਂ ਪਾਈ ਗਈ ਹੈ। ਜਦਕਿ ਪਿੰਡ ਬਾਸ ਵਿੱਚ ਚਿੱਟੀ ਮੱਖੀ ਦੀ ਗਿਣਤੀ ਆਰਥਿਕ ਕਗਾਰ ਤੋ ਉਪਰ ਪਾਈ ਗਈ ਹੈ।
11) ਨਰਮਾਂ ਕਪਾਹ ਵਿੱਚ ਤੇਲਾਂ ਦੇ ਨਿਮਫ ਅਤੇ ਬਾਲਗ ਦੀ ਗਿਣਤੀ 0.1 ਤੋ 3 ਪ੍ਰਤੀ ਪੱਤਾ ਪਾਈ ਗਈ ਹੈ।
12) ਨਰਮਾ ਕਪਾਹ ਵਿੱਚ ਤੇਲੇ ਦੀ ਗਿਣਤੀ, ਪਿੰਡ ਬਾਰਵਾਲਾ, ਵੱਡਾਬੱਧ, ਬਭੋਡਾ ਅਤੇ ਲੰਧਾਰੀ ਵਿੱਚ (ਦੋ ਨਿਮਫ ਅਤੇ ਬਾਲਗ ਪ੍ਰਤੀ ਪੱਤਾ) ਪਾਈ ਗਈ ਹੈ।
13) ਨਰਮਾ ਕਪਾਹ ਦੀ ਫ਼ਸਲ ਉਤੇ ਕੁਝ ਕਿ ਗਿਣਤੀ ਵਿੱਚ ਜੂੰ ਦਾ ਹਮਲਾ ਵੀ ਦੇਖਿਆ ਗਿਆ ਹੈ।
14) ਨਰਮੇ ਕਪਾਹ ਦੀ ਫ਼ਸਲ ਉੱਤੇ ਮਿੱਲੀ ਬੱਗ ਦਾ ਹਮਲਾ ਨਹੀਂ ਪਾਇਆ ਗਿਆ ਹੈ।

| | | | | | | | | | | |
|---|---|---|---|---|---|---|---|---|---|---|
| | | | | | | | | | | 15) ਕਿਸਾਨ ਵੀਰਾਂ ਨੂੰ ਨਰਮੇ ਦੀ ਫ਼ਸਲ ਵਿੱਚ ਕੀੜਿਆਂ ਚਿੱਟੀ ਮੱਖੀ ਅਤੇ ਤੇਲਾ ਦੇ ਹਫ਼ਤੇਵਾਰ ਸਰਵੇਖਣ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਨਾਲ ਹੀ ਰਸਾਇਣਕ ਕੀਟਨਾਸ਼ਕਾਂ ਦੀ ਵਰਤੋ ਆਰਥਿਕ ਨੁਕਸਾਨੀ ਕਗਾਰ ਤੱਕ ਪਹੁੰਚਣ ਤੇ ਹੀ ਕਰਨੀ ਚਾਹੀਦੀ ਹੈ।<br>16) ਚਿੱਟੀ ਮੱਖੀ ਅਤੇ ਤੇਲੇ ਨੂੰ ਖਾਣ ਵਾਲੇ ਮਿੱਤਰ ਕੀੜਿਆਂ ਨੂੰ ਨਰਮਾ__ਕਪਾਹ ਦੇ ਖੇਤਾਂ ਵਿੱਚ ਧਿਆਨ ਨਾਲ ਦੇਖਿਆ ਜਾਣਾ ਚਾਹੀਦਾ ਹੈ। ਤਾਂ ੋ ਕਿਸਾਨ ਵੀਰ ਸਪਰੇਅ ਦਾ ਛਿੜਕਾਅ ਧਿਆਨ ਨਾਲ ਕਰਨ ਤਾਂ ਕਿ ਮਿੱਤਰ ਕੀੜਿਆਂ ਨੂੰ ਬਚਾਇਆ ਜਾ ਸਕੇ।<br>17) ਅਚਾਨਕ ਬਾਰਿਸ਼ ਹੋਣ ਦੀ ਹਾਲਤ ਵਿੱਚ ਅਤੇ ਜੇਕਰ ਹਵਾਂ ਵਿੰਚ ਨਮੀ ਦੀ ਮਾਤਰਾ 70 % ਹੋ ਗਈ ਤਾਂ ਨਰਮਾ__ਕਪਾਹ ਵਿੱਚ ਤੇਲੇ ਦੀ ਗਿਣਤੀ ਵੱਧ ਜਾਵੇਗੀ। ਜਦਕਿ ਚਿੱਟੀ ਮੱਖੀ ਦੀ ਗਿਣਤੀ ਤੇਲੇ ਤੋ ਘੱਟ ਜਾਵੇਗੀ।<br>18) ਜੇਕਰ ਨਰਮਾ__ਕਪਾਹ ਦੀ ਫ਼ਸਲ ਵਿੱਚ ਚਿੱਟੀ ਮੱਖੀ ਦੀ ਗਿਣਤੀ ਨੁਕਸਾਨੀ ਆਰਥਿਕ ਕਗਾਰ ਤੋ ਵੱਧ ਜਾਵੇ ਤਾਂ ਨਿੰਮੀਸੀਡਾਨ 300 ਪੀ.ਪੀ.ਐਮ. 1 ਲਿਟਰ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪੰਜ ਦਿਨਾਂ ਦੇ ਅੰਤਰਾਲ ਨਾਲ 2 ਵਾਰ ਛਿੜਕਾਅ ਕਰੋ।<br>19) ਕਿਨੂੰ ਬਾਗ ਦੇ ਨਾਲ ਲਗਦੇ ਨਰਮੇ__ਕਪਾਹ ਦੇ ਖੇਤਾਂ ਵਿੱਚ ਬਹੁਤ ਸੁਚੱਜੇ ਢੰਗ ਨਾਲ ਸਰਵੇਖਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।<br>20) ਨੁਕਸਾਨੀ ਆਰਥਿਕ ਕਗਾਰ ਤਕ ਪਹੁੰਚ ਚੁੱਕੇ ਖੇਤਾਂ ਵਿੱਚ ਨਿੰਮ ਤੇ ਆਧਾਰਿਤ ਕੀਟ ਨਾਸ਼ਕ ਅਤੇ ਕੱਪੜੇ ਧੋਣ ਵਾਲੇ ਪਾਊਡਰ (ਨਿਰਮਾ) ਦੇ ਛਿੜਕਾਅ ਕਰਨ ਦੀ ਸਲਾਹ ਦਿਤੀ ਜਾਂਦੀ ਹੈ।<br>21) ਪਹਿਲੀ ਸਿੰਚਾਈ ਤੋ ਬਾਅਦ ਨਰਮੇ ਕਪਾਹ ਵਿੱਚ ਨਦੀਨ ਦੇਖੇ ਗਏ ਹਨ ਅਤੇ ਇਹ ਖੇਤਾਂ ਦੇ ਵੱਟ ਬੰਨ੍ਹੇ ਅਤੇ ਨਾਲ ਲੱਗਦੀਆਂ ਜਗ੍ਹਾਂ ਵਿੱਚ ਪਾਏ ਗਏ ਹਨ।<br>22) ਕਿਸਾਨ ਵੀਰਾਂ ਨੂੰ ਨਾਈਟ੍ਰੋਜਨ (ਯੂਰੀਆਂ) ਦੀ ਸਿਫ਼ਾਰਿਸ ਕੀਤੀ ਗਈ ਮਾਤਰਾ ਹੀ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ।<br>23) ਸ੍ਰੀ ਗੰਗਾ ਨਗਰ ਪ੍ਰਾਤਾਂ ਵਿੱਚ, ਫ਼ਸਲ ਆਪਣੀ ਮੁੱਢਲੀ ਅਵਸਥਾ ਵਿੱਚ ਹੈ।<br>24) ਚਿੱਟੀ ਮੱਖੀ ਨੁਕਸਾਨੀ ਆਰਥਿਕ ਕਗਾਰ ਤੋ ਥੱਲੇ ਹੈ।<br>25) ਨੁਕਸਾਨੀ ਆਰਥਿਕ ਕਗਾਰ ਤੱਕ ਪਹੁੰਚ ਚੁੱਕੇ ਖੇਤਾਂ ਵਿੱਚ ਨਿੰਮ ਤੇ ਆਧਾਰਿਤ ਕੀਟ ਨਾਸ਼ਕ ਅਤੇ ਕੱਪੜੇ ਧੋਣ ਵਾਲੇ ਪਾਊਡਰ (ਨਿਰਮਾ) ਦੇ ਛਿੜਕਾਅ ਕਰਨ ਦੀ ਸਲਾਹ ਦਿਤੀ ਜਾਂਦੀ ਹੈ।ਅਜਾਡਰੋਕਟਿਲ 1.0 ਪ੍ਰਤੀਸ਼ਤ ਈ.ਸੀ. ਨੂੰ 2 ਮਿਲੀਲਿਟਰ ਪ੍ਰਤੀ 500 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਹੈਕਟੇਅਰ ਵਿੱਚ ਛਿੜਕਾਅ ਕਰਨਾ ਚਾਹੀਦਾ ਹੈ।<br><br>**ਆਈ.ਐਮ.ਡੀ. ਦੀ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਸ ਬਾਰਸ ਨਾਲ ਚਿੱਟੀ ਮੱਖਪੀ ਦੀ ਗਿਣਤੀ ਕੁਦਰਤੀ ਤੌਰ ਤੇ ਘੱਟ ਜਾਵੇਗੀ।** |